OFFICE OF EXECUTIVE ENGINEER, LEHAL CANAL DIVISION, PATIALA
DEPARTMENT OF WATER RESOURCES, PUNJAB
(email id- xeniblehal@gmail.com) Ph.no. 0175-2200169

ਨੰਬਰ 5820 /43ਆਰ ਮਿਤੀ 7/6 /2024

ਵੱਲੋ,

ਕਾਰਜਕਾਰੀ ਇੰਜੀਨੀਅਰ,
ਲਹਿਲ ਨਹਿਰ ਮੰਡਲ,
ਜਲ ਸਰੋਤ ਵਿਭਾਗ,ਪੰਜਾਬ,
ਪਟਿਆਲਾ ।

ਵੱਲ,

ਇੰਚਾਰਜ ਕੰਪਿਊਟਰ ਸੈੱਲ,
ਜਲ ਸਰੋਤ ਵਿਭਾਗ, ਪੰਜਾਬ,
ਚੰਡੀਗੜ੍ਹ।

13/6/24

ਵਿਸ਼ਾ:- ਸੂਲਰ ਘਰਾਟਾਂ ਦੀ ਬੋਲੀ ਸਾਲ 2024-25 ਦੀ ਐਡਵਰਟਾਈਮੈਂਟ ਨੂੰ ਵਿਭਾਗ ਦੀ ਵੈਬਸਾਇਟ ਤੇ ਅਪਲੋਡ ਕਰਨ ਸਬੰਧੀ ।

ਉਪਰੋਕਤ ਵਿਸ਼ੇ ਸਬੰਧੀ ਆਪ ਨੂੰ ਲਿਖਿਆ ਜਾਂਦਾ ਕਿ ਲਹਿਲ ਨਹਿਰ ਮੰਡਲ, ਜਲ ਸਰੋਤ ਵਿਭਾਗ, ਪੰਜਾਬ, ਪਟਿਆਲਾ ਅਧੀਨ ਪੈਂਦੇਂ ਸੂਲਰ ਘਰਾਟਾਂ ਦੀ ਸਾਲ 2024-25 ਦੀ ਬੋਲੀ ਸਬੰਧੀ ਸੂਚਨਾਂ ਵਿਭਾਗ ਦੀ ਸਾਇਟ ਤੇ ਅਪਲੋਡ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ।

ਨੱਥੀ ਉਕਤ ਅਨੁਸਾਰ

ਕਾਰਜਕਾਰੀ ਇੰਜੀਨੀਅਰ,
ਲਹਿਲ ਨਹਿਰ ਮੰਡਲ,
ਜਲ ਸਰੋਤ ਵਿਭਾਗ, ਪੰਜਾਬ,
ਪਟਿਆਲਾ ।

OFFICE OF EXECUTIVE ENGINEER, LEHAL CANAL DIVISION, PATIALA
DEPARTMENT OF WATER RESOURCES, PUNJAB
(email id- xeniblehal@gmail.com) Ph.no. 0175-2200169

**ਨੋਟਿਸ ਬੋਲੀ**

ਲਹਿਲ ਨਹਿਰ ਮੰਡਲ ਅਧੀਨ ਪੈਂਦੇ ਸੂਲਰ ਘਰਾਟ ਜੋ ਕਿ ਘੱਗਰ ਬ੍ਰਾਂਚ ਤੇ ਹਨ, ਦੀ ਸਾਲ 2024-25 ਦੀ ਲੀਜ਼ ਬੋਲੀ ਮਿਤੀ 24/06/2024 ਦਿਨ ਸੋਮਵਾਰ ਨੂੰ ਸਵੇਰੇ 11:00 ਵਜੇ ਕਾਰਜਕਾਰੀ ਇੰਜੀਨੀਅਰ, ਲਹਿਲ ਨਹਿਰ ਮੰਡਲ, ਜਲ ਸਰੋਤ ਵਿਭਾਗ, ਪੰਜਾਬ, ਪਟਿਆਲਾ ਜੀ ਦੇ ਦਫਤਰ ਵਿਖੇ ਨਿਸ਼ਚਿਤ ਕੀਤੀ ਗਈ ਹੈ। ਜੇਕਰ ਇਸ ਮਿਤੀ ਨੂੰ ਅਚਾਨਕ ਸਰਕਾਰੀ ਛੁੱਟੀ ਹੋ ਜਾਂਦੀ ਹੈ ਤਾਂ ਅਗਲੇ ਕੰਮ ਵਾਲੇ ਦਿਨ ਬੋਲੀ ਕੀਤੀ ਜਾਵੇਗੀ। ਬੋਲੀ ਦੇਣ ਦੇ ਚਾਹਵਾਨਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਨਿਸ਼ਚਿਤ ਸਮੇਂ ਸਿਰ ਪੁੱਜ ਕੇ ਲਾਭ ਉਠਾਉਣ। ਬੋਲੀ ਦੀਆਂ ਸ਼ਰਤਾਂ ਹੇਠ ਲਿਖੇ ਅਨੁਸਾਰ ਹਨ:-

ਸ਼ਰਤਾਂ:-

1 ਜਿਸ ਦੀ ਬੋਲੀ ਸਭ ਤੋਂ ਵੱਧ ਹੋਵੇਗੀ, ਉਸ ਨੂੰ ਬੋਲੀ ਬੰਦ ਹੋਣ ਉਪਰੰਤ ਦੋ ਮਹੀਨਿਆਂ ਦਾ ਕਿਰਾਇਆ ਮੌਕੇ ਤੇ ਹੀ ਪੇਸ਼ਗੀ ਜਮਾਂ ਕਰਵਾਉਣਾ ਪਵੇਗਾ।

2 ਬੋਲੀ ਮੰਨਜ਼ੂਰ ਹੋਣ ਉਪਰੰਤ ਪ੍ਰਾਪਤ ਹੋਈ ਬੋਲੀ ਜਾਂ ਕੋਈ ਹੋਰ ਪੇਸ਼ਕਸ਼ ਮੰਨਜ਼ੂਰ ਨਹੀ ਕੀਤੀ ਜਾਵੇਗੀ।

3 ਬੋਲੀ ਮੰਨਜ਼ੂਰ ਜਾਂ ਰੱਦ ਕਰਨ ਦਾ ਅਧਿਕਾਰ ਨਿਗਰਾਨ ਇੰਜੀਨੀਅਰ, ਪਟਿਆਲਾ ਨਹਿਰ ਹਲਕਾ, ਜਲ ਸਰੋਤ ਵਿਭਾਗ, ਪੰਜਾਬ,ਪਟਿਆਲਾ ਜੀ ਦਾ ਰਾਂਖਵਾਂ ਹੋਵੇਗਾ।

4 ਸਮਰੱਥ ਅਧਿਕਾਰੀ ਦੀ ਮੰਨਜ਼ੂਰੀ ਮਿਲਣ ਉਪਰੰਤ 15 ਦਿਨਾਂ ਦੇ ਅੰਦਰ—ਅੰਦਰ ਉਸ ਨੂੰ ਇਕਰਾਰਨਾਮਾ ਅਸ਼ਟਾਮ ਪੇਪਰਾਂ ਤੇ ਕਰਨਾ ਪਵੇਗਾ,ਜੇਕਰ ਇਹ ਇਕਰਾਰ ਨਾਮਾ ਨਹੀ ਕੀਤਾ ਜਾਂਦਾ ਤਾਂ ਘਰਾਟ ਦਾ ਕਬਜ਼ਾ ਨਹੀ ਦਿੱਤਾ ਜਾਵੇਗਾ ਤੇ ਪੇਸ਼ਗੀ ਰਕਮ ਜ਼ਬਤ ਕਰ ਲਈ ਜਾਵੇਗੀ।

5 ਘਰਾਟ ਦਾ ਕਿਰਾਇਆ ਮਹੀਨੇ ਦੀ 10 ਤਰੀਕ ਤੱਕ ਹਰ ਹਾਲਤ ਵਿੱਚ ਜਮਾ ਕਰਵਾਉਣਾ ਪਵੇਗਾ। ਕਿਰਾਇਆ ਨਾ ਭਰਨ ਦੀ ਸੂਰਤ ਵਿੱਚ ਘਰਾਟ ਦੀ ਸਪਲਾਈ ਠੇਕੇਦਾਰ ਦੇ ਰਿਸਕ ਅਤੇ ਕਾਸਟ ਦੇ ਬਿਨਾਂ ਸੂਚਨਾਂ ਬੰਦ ਕਰ ਦਿੱਤੀ ਜਾਵੇਗੀ ਅਤੇ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਬਕਾਇਆ ਰਕਮ ਤੇ ਵਿਆਜ ਵੀ ਵਸੂਲਣਯੋਗ ਹੋਵੇਗਾ।

6 ਘਰਾਟ ਦੀ ਬੋਲੀ ਵਿੱਚ ਭਾਗ ਲੈਣ ਲਈ ਹਰ ਇੱਕ ਠੇਕੇਦਾਰ, ਉਪ ਮੰਡਲ ਅਫਸਰ,ਦਿਆਲਪੁਰਾ ਮੋਬਾਇਲ ਨੰਬਰ 98723-72297) ਤੋਂ ਨੋ ਡਿਮਾਂਡ ਸਰਟੀਫਿਕੇਟ ਪ੍ਰਾਪਤ ਕਰਕੇ ਹੀ ਬੋਲੀ ਵਿੱਚ ਹਿੱਸਾ ਲੈ ਸਕੇਗਾ।

7 ਬੋਲੀ ਦੀਆਂ ਹੋਰ ਸ਼ਰਤਾਂ ਮੌਕੇ ਤੇ ਹੀ ਸੁਣਾਈਆਂ ਜਾਣਗੀਆਂ ਜਾਂ ਇਸ ਦਫਤਰ ਵਿੱਚ ਕਿਸੇ ਕੰਮ ਵਾਲੇ ਦਿਨ ਸਵੇਰੇ 9:00 ਵਜੇ ਸ਼ਾਮ 5:00 ਵਜੇ ਤੱਕ ਦੇਖੀਆਂ ਜਾ ਸਕਦੀਆਂ ਹਨ।

8 ਪੋਸਟਲ ਟੈਲੀਗ੍ਰਾਮ ਦੁਆਰਾ ਭੇਜੀ ਗਈ ਬੋਲੀ ਮੰਨਜ਼ੂਰ ਨਹੀ ਕੀਤੀ ਜਾਵੇਗੀ।

9 ਕਸੂਰਵਾਰ ਮਿਲ ਠੇਕੇਦਾਰ ਨੂੰ ਬੋਲੀ ਵਿੱਚ ਹਿੱਸਾ ਲੈਣ ਦੀ ਇਜ਼ਾਜਤ ਨਹੀ ਹੋਵੇਗੀ।

10 ਘਰਾਟ ਚਲਾਉਣ ਲਈ ਜੇਕਰ ਮੁਰੰਮਤ ਆਦਿ ਦੀ ਲੋੜ ਪੈਣ ਤੇ ਠੇਕੇਦਾਰ ਆਪਣੇ ਖਰਚੇ ਉੱਪਰ ਮਹਿਕਮੇ ਦੀ ਨਿਗਰਾਨੀ ਹੇਠ ਕੰਮ ਕਰਵਾਉਣ ਲਈ ਸਮਰੱਥ ਹੋਵੇਗਾ।

ਬੋਲੀ ਵਿੱਚ ਹਿੱਸਾ ਲੈਣ ਵਾਲੇ ਠੇਕੇਦਾਰ ਨੂੰ 1000--ਰੁਪਏ (ਇੱਕ ਹਜ਼ਾਰ ਸਿਰਫ) ਜਮ੍ਹਾਂ ਕਰਵਾਉਣੇ ਹੋਣਗੇ ਅਤੇ ਅਸਫਲ ਬੋਲੀ ਕਾਰ ਨੂੰ ਬੋਲੀ ਉਪਰੰਤ ਰਕਮ ਵਾਪਸ ਕਰ ਦਿੱਤੀ ਜਾਵੇਗੀ।

12 ਪਿਛਲੇ ਐਗਰੀਮੈਂਟ ਅਨੁਸਾਰ ਡਾਊਨ ਦੀ ਗੇਜ਼ ਦਾ ਬਿੱਲ ਨਾਲ ਕੋਈ ਸਬੰਧ ਨਹੀ ਹੋਵੇਗਾ।

**13 ਇਸ ਬੋਲੀ ਦੀ ਰਿਜਰਵ ਰਾਸ਼ੀ 2200/ ਨਿਰਧਾਰਿਤ ਕੀਤੀ ਗਈ ਹੈ ।**

ਘਰਾਟਾਂ ਦਾ ਵੇਰਵਾ:-

| ਲੜੀ ਨੰ | ਨਹਿਰ ਦਾ ਨਾਮ | ਘਰਾਟ ਦਾ ਨਾਮ | ਚੱਕੀਆਂ ਦੀ ਗਿਣਤੀ | ਕਿਰਾਇਆ ਲੱਗਣ ਦੀ ਗੇਜ਼ |
|---|---|---|---|---|
| 1 | ਘੱਗਰ ਬ੍ਰਾਂਚ | ਸੂਲਰ ਘਰਾਟ | 5(ਪੰਜ) | 3.4 ਘਰਾਟ ਚੈਨਲ ਹੈੱਡ ਅੱਪ ਸਾਈਡ |

ਕਾਰਜਕਾਰੀ ਇੰਜੀਨੀਅਰ
ਲਹਿਲ ਨਹਿਰ ਮੰਡਲ
ਜਲ ਸਰੋਤ ਵਿਭਾਗ ਪੰਜਾਬ
ਪਟਿਆਲਾ